## ਖਾਲਸਈ ਅਣਖ

## ਸ਼ਾਨ ਵਡੇਰਿਆਂ ਦੀ ਰਖ ਵਖਾਈ

ਕਾਬਲ ਦੇ ਰਾਜ ਘਰਾਣੇ ਦਾ ਇਕ ਸ਼ਹਿਜ਼ਾਦਾ ਪੰਜਾਬ ਦੀ ਸੈਰ ਲਈ ਆਇਆ। ਇਹ ਪੰਜਾਬ ਸਰਕਾਰ ਦਾ ਪ੍ਰਾਹੁਣਾ ਸੀ। ਲਾਹੌਰ ਦੇ ਹੋਟਲ ਵਿਚ ਟਿਕਿਆ। ਲਾਹੌਰ ਵੇਖਣ ਪਿਛੋ ਉਹਨੇ ਗੁਜਰਾਂਵਾਲਾ ਵੇਖਣ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਸਰਕਾਰੀ ਅੰਗ ਰਖਿਅਕਾਂ ਨਾਲ ਡਿਪਟੀ ਕਮਿਸ਼ਨਰ ਗੁਜਰਾਂਵਾਲੇ ਪਾਸ ਪੁਜਾ।ਮਹਾਰਾਜਾ ਰਣਜੀਤ ਸਿੰਘ, ਸ: ਮਹਾਂ ਸਿੰਘ, ਸ: ਚੜ੍ਹਤ ਸਿੰਘ ਦੇ ਮਹਿਲ ਮਾੜੀਆਂ ਵੇਖੇ। ਸ: ਹਰੀ ਸਿੰਘ ਨਲੂਆ ਨਾਲ ਸੰਬੰਧਤ ਅਸਥਾਨ ਵੇਖਿਆ। ਡੀ. ਸੀ ਸਾਹਿਬ ਦੇ ਪਾਸ ਆ ਕੇ ਖ਼ਾਹਿਸ਼ ਜ਼ਾਹਿਰ ਕੀਤੀ ਕਿ ਸ: ਹਰੀ ਸਿੰਘ ਨਲੂਆ ਦੇ ਪਰਿਵਾਰ ‘ਚੋਂ ਜੇ ਹੋ ਸਕੇ ਤਾਂ ਕਿਸੇ ਜੀਅ ਨੂੰ ਉਸ ਨਾਲ ਮਿਲਵਾਇਆ ਜਾਵੇ। ਪੁਛ ਪੜਤਾਲ ਤੋਂ ਪਤਾ ਲਗਾ ਕਿ ਸ: ਜਰਨੈਲ ਸਿੰਘ ਨਲੂਆ ਦੀ ਪੀੜ੍ਹੀ `ਚੋਂ ਉਸਦਾ ਇਕ ਪੜਪੋਤਾ (ਬਾਬਾ ਜੀ ਨਾਉਂ ਨਹੀਂ ਦਸ ਸਕੇ - ਲੇਖਕ) ਗੁਜਰਾਂਵਾਲਾ ਦੇ ਖ਼ਾਲਸਾ ਸਕੂਲ ਵਿਚ ਨੌਵੀ/ਦਸਵੀਂ ਜਮਾਤ ਵਿਚ ਪੜ੍ਹਦਾ ਹੈ। ਹੁਕਮ ਲੈ ਕੇ ਇਕ ਅਫ਼ਸਰ ਟਮ ਟਮ (ਘੋੜੇ ਵਾਲੀ ਬਘੀ) `ਤੇ ਹੈੱਡ-ਮਾਸਟਰ ਸਾਹਿਬ ਦੇ ਦਫਤਰ ਪੁਜਾ ਤੇ ਉਸਨੂੰ ਆਪਣੇ ਆਉਣ ਦਾ ਮਕਸਦ ਦਸਿਆ ਅਤੇ ਕਿਹਾ ਕਿ ਸ਼ਹਿਜ਼ਾਦੇ ਨਾਲ ਮੁਲਾਕਾਤ ਤੋਂ ਬਾਅਦ ਇਥੇ ਹੀ ਛਡ ਜਾਵਾਂਗੇ। ਹੈੱਡ ਮਾਸਟਰ ਨੇ ਵਿਦਿਆਰਥੀ ਨੂੰ ਆਪਣੇ ਪਾਸ ਬੁਲਾਇਆ ਤੇ ਡੀ. ਸੀ ਸਾਹਿਬ ਦੇ ਦਫਤਰ ਵਿਖੇ ਨਾਲ ਜਾਣ ਲਈ ਕਿਹਾ। ਵਿਦਿਆਰਥੀ ਨੇ ਪੁਛਿਆ, “ਉਹ ਕੌਣ ਰਾਜਕੁਮਾਰ ਹੈ, ਜੋ ਮੈਨੂੰ ਉਥੇ ਬੁਲਾ ਕੇ ਮਿਲਣਾ ਚਾਹੁੰਦਾ ਹੈ ਤੇ ਕਿਸ ਲਈ?” “ਉਹ ਵਾਲੀਏ ਕਾਬੁਲ ਦੋਸਤ ਮੁਹੰਮਦ ਦੇ ਭਰਾ ਜਰਨੈਲ ਅਜ਼ੀਨ ਖ਼ਾਨ ਦਾ ਪੜਪੋਤਾ ਹੈ। ਸ਼ਾਹੀ ਖ਼ਾਨਦਾਨ ਦਾ ਜੀਅ ਹੈ। ਸਮਝੋ ਕਾਬਲ ਦੇ ਬਾਦਸ਼ਾਹ ਦਾ ਪੜਪੋਤਾ ਹੈ। ਤੁਸੀਂ ਜਾਉ ਮਿਲਣ ਵਿਚ ਕੋਈ ਹਰਜ ਨਹੀਂ। ਉਸਨੇ ਵਿਸ਼ੇਸ਼ ਤੌਰ ‘ਤੇ ਮੰਗ ਕੀਤੀ ਹੈ ਕਿ ਉਹ ਸਿਰਦਾਰ ਨਲੂਆ ਜੀ ਦੇ ਖ਼ਾਨਦਾਨ ‘ਚੋਂ ਕਿਸੇ ਵਿਅਕਤੀ ਨੂੰ ਮਿਲਣਾ ਚਾਹੁੰਦਾ ਹੈ। ਸੋ ਬੇਟਾ ਜਾਉ, ਆਪਣਾ ਜਾਣਾ ਬਣਦਾ ਹੈ। ਜਾਣ ਵਿਚ ਮਾਣ ਵਾਲੀ ਗਲ ਹੈ”। ਉਸ ਜਵਾਨ ਮਰਦ ਅਣਖੀਲੇ ਜਰਨੈਲ ਹਰੀ ਸਿੰਘ ਨਲੂਏ ਦੇ ਪੜਪੋਤੇ ਦੀਆਂ ਰਗਾਂ ਵਿਚ ਪੜਦਾਦੇ ਦੇ ਵਗਦੇ ਖ਼ੂਨ ਨੇ ਜੋਸ਼ ਮਾਰਿਆਂ, ਉਸ ਦੀਆਂ ਅਖਾਂ ਚਮਕੀਆਂ, ਉਸ ਅਲੂੰਏ ਜਿਹੇ ਬਚੇ ਨੇ ਬੜੀ ਦ੍ਰਿੜ੍ਹਤਾ ਤੇ ਨਿਸ਼ਠਾ ਸਹਿਤ ਬੜੀ ਹਲੇਮੀ ਨਾਲ ਉਤਰ ਦਿਤਾ,– “ਪਿਤਾ ਜੀ, ਤੁਹਾਡੇ ਸਭ ਹੁਕਮ ਸਿਰ ਮਥੇ ਹਨ। ਤੁਹਾਡੇ ਹੁਕਮ ਦੀ ਪਾਲਣਾ ਲਈ ਮੈਂ ਕੁਝ ਵੀ ਕਰਨ ਲਈ ਤਿਆਰ ਹਾਂ। ਮਿਲਣ ਲਈ ਤਿਆਰ ਹਾਂ ਪਰ ਮੈਂ ਆਪ ਓਥੇ ਜਾ ਕੇ ਡੀ. ਸੀ. ਦੇ ਦਫ਼ਤਰ ਵਿਚ ਨਹੀਂ, ਤੁਹਾਡੇ ਦਫ਼ਤਰ ਵਿਚ ਐਥੇ। ਇਸ ਗੁਸਤਾਖੀ ਦੀ ਮੁਆਫੀ ਮੰਗਦਾਂ ਹਾਂ”। ਲੈਣ ਆਇਆ ਅਫ਼ਸਰ ਤੇ ਹੈੱਡ-ਮਾਸਟਰ ਸਾਹਿਬ ਐਸਾ ਜੁਰਅਤ ਭਰਿਆ ਜਵਾਬ ਸੁਣ ਕੇ ਦੰਗ ਰਹਿ ਗਏ। “ਪਰ ਪੁਤਰ! ਓਥੇ ਕਿਉਂ ਨਹੀਂ ਜਾਣਾ ? ਡੀ. ਸੀ. ਸਾਹਿਬ ਨੇ ਆਪ ਬੇਨਤੀ ਕਰਕੇ ਸਨੇਹਾ ਘਲਾਇਆ ਹੈ। ਉਹ ਅੰਗਰੇਜ਼ ਹਨ, ਰਾਜ ਵੀ ਅੰਗਰੇਜ਼ ਦਾ ਹੈ ਤੇ ਉਹ ਵੀ ਸਾਰੀ ਦੁਨੀਆਂ ਵਿਚ ਪਹਿਲੇ ਨੰਬਰ ਦੀ ਸ਼ਕਤੀਸ਼ਾਲੀ ਕੌਮ ਦਾ ਰਾਜ। ਆਪਾਂ ਨੂੰ ਹੁਕਮ ਅਦੂਲੀ ਫਬਦੀ ਨਹੀਂ। ਫਿਰ ਤੈਨੂੰ ਲੈਣ ਲਈ ਅਸਵਾਰੀ ਲੈ ਕੇ ਇਕ ਅਫ਼ਸਰ ਆਇਆ ਹੈ। ਕਾਬਲ ਦੇ ਰਾਜ ਘਰਾਣੇ ਵਿਚੋਂ ਆਏ ਸਤਿਕਾਰਯੋਗ ਵਿਅਕਤੀ ਨੂੰ ਮਿਲਣਾ, ਉਹ ਵੀ ਜਦ ਕਿ ਉਸ ਨੇ ਮਿਲਣ ਲਈ ਆਪਣੇ ਮਨੋ ਆਪ ਤੀਬਰ ਖ਼ਾਹਿਸ਼ ਜ਼ਾਹਿਰ ਕੀਤੀ ਹੋਵੇ, ਬੜੇ ਮਾਣ ਵਾਲੀ ਗਲ ਹੈ। ਬੀਬੇ ਬਣੋ ਤੇ ਨਾਲ ਜਾਉ”। ਹੈੱਡ-ਮਾਸਟਰ ਜੀ ਨੇ ਬਚੇ ਨੂੰ ਪਿਆਰਦੇ ਹੋਇਆਂ ਕਿਹਾ। “ਮੈਂ ਕਾਬਲ ਦੇ ਸ਼ਾਹੀ ਘਰਾਣੇ ਤੋਂ ਆਏ ਸਜਣ ਨੂੰ ਮਿਲਣ ਲਈ ਤਿਆਂਰ ਹਾਂ। ਪਰ ਡੀ. ਸੀ. ਦੇ ਦਫ਼ਤਰ ਜਾ ਕੇ ਨਹੀਂ। ਉਹ ਐਥੇ ਆ ਜਾਵੇ”। ਉਸ ਦੀ ਆਵਾਜ਼ ਵਿਚ ਅਗੇ ਵਰਗੀ ਹੀ ਦ੍ਰਿੜਤਾ ਸੀ।“ਪਰ ਬੇਟਾ ਇੰਵ ਕਿਉਂ ? ਉਥੇ ਜਾਣ ਵਿਚ ਕੀ

ਹਰਜ ਹੈ ?" ਹੈੱਡ-ਮਾਸਟਰ ਸਾਹਿਬ ਨੇ ਕੁਝ ਗੰਭੀਰ ਸੁਰ ਵਿਚ ਪੁਛਿਆ। ਅਗੋਂ ਓਵੇਂ ਗੰਭੀਰ ਹੋ ਕੇ ਨਲੂਆ ਬਚੇ ਨੇ ਕਿਹਾ, "ਮੇਰੀ ਖ਼ਾਲਸਾਈ ਗ਼ੈਰਤ (ਅਣਖ) ਆਗਿਆ ਨਹੀਂ ਦੇਂਦੀ ਕਿ ਆਪ ਓਥੇ ਮਿਲਣ ਜਾਵਾਂ। ਮੈਂ ਇਕ ਜੇਤੂ ਜਰਨੈਲ਼ ਦਾ ਪੜਪੋਤਾ ਹਾਂ। ਉਹ ਰਾਜਕੁਮਾਰ ਇਕ ਹਾਰੇ ਹੋਏ ਜਰਨੈਲ ਦਾ ਪੜਪੋਤਾ ਹੈ। ਮੇਰੇ ਬਾਪੂ ਜੀ ਤੋਂ ਕਈ ਵਾਰ ਹਾਰ ਖਾ ਕੇ ਮੈਦਾਨੋਂ ਭੱਜੇ ਹੋਏ, ਹਾਰੇ ਹੋਏ ਜਰਨੈਲ ਪੜਦਾਦੇ ਦਾ ਪੜਪੋਤਾ, ਜੇ ਉਹ ਮੈਨੂੰ ਮਿਲਣਾ ਚਾਹੁੰਦਾ ਹੈ ਤਾਂ ਆਪ ਆ ਕੇ ਐਥੇ ਤੁਹਾਡੇ ਦਫ਼ਤਰ ਵਿਚ ਮਿਲੇ। ਮੈਂ ਉਸ ਨੂੰ ਮਿਲਣ ਲਈ ਡੀ. ਸੀ. ਦੇ ਦਫ਼ਤਰ ਵਿਚ ਕਿਉਂ ਜਾਵਾਂ। ਜੇ ਕਿਸੇ ਨੇ ਸ਼ੇਰ ਦੇ ਬਚੇ ਨੂੰ ਵੇਖਣਾ ਮਿਲਣਾ ਹੈ ਤਾਂ ਉਸਦੀ ਜੂਹ ਵਿਚ ਆ ਕੇ ਮਿਲੇ। ਅੰਗਰੇਜ਼ ਦੇ ਪਿੰਜਰਾ ਰੂਪੀ ਦਫ਼ਤਰ 'ਚ ਪਾ ਕੇ ਮੈਨੂੰ ਨਾ ਵੇਖੇ, ਨਾ ਮਿਲੇ। ਐਥੇ ਨਹੀਂ ਤਾਂ ਸਾਡੇ ਘਰ ਦੇ ਦਰ ਖੁਲੇ ਹਨ। ਸਾਡੇ ਤੇ ਉਸ ਦੇ ਵਡੇ ਵਡੇਰੇ ਆਪੋ ਵਿਚ ਮਿਲਦੇ ਰਹੇ ਹਨ- ਹੱਥਾਂ ਵਿਚ ਤੇਗ਼ਾਂ ਲੈ ਕੇ। ਕੀ ਹੋਇਆ ਅਜ ਅੰਗਰੇਜ਼ਾਂ ਮਿਤਰ ਧ੍ਰੋਹੀ ਕਰਕੇ ਸਾਡਾ ਰਾਜ ਹੜੱਪ ਲਿਆ ਹੈ। ਸਦਾ ਦਾ ਕਲੰਕ ਹੀ ਖਟਿਆ ਹੈ। ਡੀ. ਸੀ. ਦੀ ਮੈਨੂੰ ਕੋਈ ਧੌਂਸ ਨਹੀਂ। ਸ਼ੇਰ-ਇ- ਪੰਜਾਬ ਵਡੇ ਬਾਪੂ ਜੀ (ਮਹਾਰਾਜਾ ਰਣਜੀਤ ਸਿੰਘ ਸਾਹਿਬ) ਦਿਆਲੂ, ਕ੍ਰਿਪਾਲੂ, ਸਖ਼ੀ ਦਿਲ ਜੋਧੇ ਸਨ। ਸਭ ਨੂੰ ਗਲ ਨਾਲ ਲਾਇਆ। ਅਕ੍ਰਿਤਘਣ ਤੇ ਗ਼ਦਾਰ ਡੋਗਰੇ ਅਖੀਂ ਘੱਟਾ ਪਾ ਕੇ, ਮੋਮੋਠਗਣੇ ਬਣ ਕੇ ਨਾਜਾਇਜ਼ ਫ਼ਾਇਦੇ ਉਠਾਉਂਦੇ ਰਹੇ। ਪਕੇ ਲੂਣ ਹਰਾਮੀ ਨਿਕਲੇ। ਅੰਗਰੇਜ਼ਾਂ ਨਾਲ ਸਾਜ਼ਿਸਾਂ ਕਰਕੇ ਸ਼ਾਹੀ ਘਰਾਣੇ ਵਿਚ ਫੁਟ ਪਾ ਕੇ ਘਰ ਬਰਬਾਦ ਕੀਤਾ, ਖ਼ਾਲਸਾ ਰਾਜ ਖੇਰੂੰ ਖੇਰੂੰ ਕੀਤਾ। ਸਾਡਾ ਰਾਜ ਗਿਆ, ਪਰਵਾਹ ਨਹੀਂ। ਕੋਈ ਚਿੰਤਾ ਨਹੀਂ, ਸਾਡੀ ਅਣਖ ਤੇ ਮਰਯਾਦਾ ਓਸੇ ਤਰ੍ਹਾਂ ਕਾਇਮ ਹੈ। ਇਹੀ ਸਾਡੀ ਸ਼ਕਤੀ ਦਾ ਮੂਲ਼ ਹੈ। ਅੰਗਰੇਜ਼ ਡੀ. ਸੀ. ਵੀ ਤਾਂ ਓਸੇ ਸਰਕਾਰ ਦੇ ਕਰਿੰਦੇ ਹਨ, ਜਿਸ ਨੇ ਪਹਿਲਾ ਸ਼ੇਰ-ਇ-ਪੰਜਾਬ ਨਾਲ ਮਿਤਰਤਾ ਗੰਢੀ, ਆਪਣੀ ਠੁਕ ਬਣਾਈ। ਉਨ੍ਹਾਂ ਦਾ ਅਜੇ ਸਿਵਾ ਵੀ ਠੰਡਾ ਨਹੀਂ ਸੀ ਹੋਇਆ ਕਿ ਉਨ੍ਹਾਂ ਦਾ ਗ਼ਦਾਰਾਂ ਹੱਥੋਂ ਖ਼ਾਨਦਾਨ ਹੀ ਸਮਾਪਤ ਕਰਾ ਦਿਤਾ। ਮਹਾਰਾਜਾ ਦਲੀਪ ਸਿੰਘ ਬਚ ਗਿਆ ਸੀ। ਉਸ ਨੂੰ ਵੀ ਪਤਿਤ ਕੀਤਾ, ਈਸਾਈ ਬਣਾਇਆ, ਦੋਵੇਂ ਸਾਡੇ ਦੁਸ਼ਮਣ ਹਨ। ਮੇਰੀ ਗ਼ੈਰਤ ਆਗਿਆ ਨਹੀਂ ਦੇਂਦੀ ਕਿ ਮੈਂ ਕਦੀਮ ਦੁਸ਼ਮਣ ਨੂੰ ਸਜਰੇ ਦੁਸ਼ਮਣ ਦੇ ਦਫ਼ਤਰ ਵਿਚ ਮਿਲਣ ਲਈ ਆਪ ਚਲ ਕੇ ਜਾਵਾਂ। ਓਥੇ ਨਾ ਜਾਣ ਦਾ ਮੇਰਾ ਫ਼ੈਸਲਾ ਪੱਕਾ ਹੈ। ਤੁਸੀਂ ਮੇਰੇ ਪਿਤਾ ਸਮਾਨ ਹੋ ਮੈਨੂੰ ਮਜਬੂਰ ਨਾ ਕਰੋਂ ਓਥੇ ਜਾਣ ਲਈ। ਮਿਲਣ ਤੋਂ ਮੈਂ ਇਨਕਾਰੀ ਨਹੀਂ, ਪਰ ਮਿਲੂੰ ਐਥੇ"। ਹੈੱਡ-ਮਾਸਟਰ ਸਾਹਿਬ ਤੇ ਲੈਣ ਆਇਆ ਅਫ਼ਸਰ ਸੁਣ ਕੇ ਸੁੰਨ ਹੋ ਗਏ।ਸੂਰਬੀਰ ਪੜਦਾਦੇ ਦੇ ਅਣਖੀ ਪੜਪੋਤੇ ਦੀ ਅਣਖ, ਦਲੇਰੀ ਤੇ ਸੂਝ ਬੂਝ ਵੇਖ ਕੇ ਅਸ਼-ਅਸ਼ ਕਰ ਉਠੇ। ਬਚੇ ਦੇ ਇਨਕਾਰ ਦਾ ਕਾਰਨ ਅਫ਼ਸਰ ਸਮਝ ਗਿਆ ਤੇ ਚੁਪਚਾਪ ਵਾਪਸ ਪਰਤ ਗਿਆ। ਡੀ. ਸੀ. ਸਾਹਿਬ ਨੂੰ ਸਭ ਕੁਝ ਜਾ ਦਸਿਆ। ਥੋੜੀ ਦੇਰ ਬਾਅਦ ਕਾਬਲੀ ਪ੍ਰਾਹੁਣਾ ਉਸ ਅਫ਼ਸਰ ਤੇ ਅੰਗ ਰਖਿਅਕਾਂ ਦੀ ਟੋਲੀ ਨਾਲ ਆਪ ਹੀ ਸਕੂਲ ਵਿਚ ਹਾਜ਼ਰ ਹੋ ਗਿਆ। ਫਿਰ ਵਿਦਿਆਰਥੀ ਨੂੰ ਸਦਿਆ ਗਿਆ। ਦੋਵੇਂ ਬੜੇ ਸਤਿਕਾਰ ਨਾਲ ਮਿਲੇ। ਸ਼ਹਿਜ਼ਾਦਾ, ਨਲੂਏ ਪੁਤਰ ਦੀ ਡੀਲ ਡੌਲ ਤੇ ਚਿਹਰੇ ਦੀ ਨੁਹਾਰ ਤਕ ਕੇ ਬੜਾ ਹੀ ਪ੍ਰਭਾਵਿਤ ਹੋਇਆ। ਉਸ ਨੇ ਕਿਹਾ, "ਮੇਰਾ ਜੋ ਅਨੁਭਵ ਸੀ, ਸਰਦਾਰ ਨਲੂਆ ਦੀ ਅੰਸ-ਬੰਸ ਐਨ ਓਸੇ ਹੀ ਜਲਾਲੀ ਦਿਖ ਵਾਲੀ ਹੈ। ਮਿਲ ਕੇ ਬੜੀ ਹੀ ਖ਼ੁਸ਼ੀ ਹੋਈ ਹੈ। ਮੈਨੂੰ ਇਸ ਗਲ ਦੀ ਵੀ ਬਹੁਤ ਪ੍ਰਸੰਨਤਾ ਹੈ ਕਿ ਮੇਰੀ ਕੌਮ ਨੇ ਗ਼ੈਰਤਮੰਦ ਤੇ ਬਹਾਦਰ ਕੌਮ ਦੇ ਇਕ ਅਤੀ ਯੋਗ, ਮਰਦ -ਇ-ਮੈਦਾਂ (ਮੈਦਾਨ) ਤੇ ਜ਼ਾਂਬਾਜ ਸਿਪਾਹ-ਸਲਾਰ ਦਾ ਰੁਆਬ ਤੇ ਭੈਅ ਕਬੂਲਿਆ ਸੀ। ''ਹਰੀਆ ਰਾਗਲੇ' ਦੇ ਸ਼ਬਦਾਂ ਦਾ ਅਸਰ ਅਜ ਸਪੱਸ਼ਟ ਪਤਾ ਲਗਾ ਹੈ"।

ਉਸ ਸਾਊ ਮੁਲਾਕਾਤੀ ਸ਼ਹਿਜ਼ਾਦੇ ਨੇ ਸਿਰਦਾਰ ਬਚੇ ਨੂੰ ਮੁਸਕਰਾ ਕੇ ਕਿਹਾ,..

"ਜੇ ਸਾਡੇ ਅਫ਼ਗਾਨਿਸਤਾਨ ਦੀ ਸੈਰ ਨੂੰ ਜੀਅ ਕਰੇ ਤਾਂ ਪਹਿਲਾਂ ਦਸ ਭੇਜਣਾ ਮੈਂ ਕਾਬਲੋਂ ਚਲ

ਕੇ ਪਿਸ਼ਾਵਰ ਪਹੁੰਚ ਕੇ ਲੈਣ ਆਵਾਂਗਾ"।

"ਤੁਹਾਡਾ ਅਤੀ ਧੰਨਵਾਦ। ਲਾਹੌਰੋਂ ਕਾਬਲ ਤਕ ਤੇ ਉਸ ਤੋਂ ਵੀ ਅਗੇ ਤਾਈਂ ਰਸਤਾ ਮੈਨੂੰ ਚੰਗੀ ਤਰ੍ਹਾਂ ਆਉਂਦਾ ਹੈ। ਤੁਹਾਨੂੰ ਖੇਚਲ ਦੀ ਲੋੜ ਨਹੀਂ"।...........................ਉਸੇ ਤਰ੍ਹਾਂ ਮੁਸਕਰਾ ਕੇ ਨਲੂਏ ਵੰਸ਼ੀ ਨੇ ਵੀ ਜਵਾਬ ਦਿਤਾ।

ਸ਼ਹਿਜ਼ਾਦੇ ਨੇ ਜਾਣ ਤੋਂ ਪਹਿਲਾਂ ਇਹ ਵੀ ਸ਼ਪੱਸ਼ਟ ਕਰ ਦਿਤਾ ਸੀ ਕਿ ਡੀ. ਸੀ. ਸਾਹਿਬ ਦੇ ਦਫ਼ਤਰ ਵਿਚ ਬੁਲਵਾ ਕੇ ਮਿਲਣ ਦੀ ਵਿਉਂਤ ਮੇਰੀ ਨਹੀਂ ਸੀ। ਇਹ ਡੀ. ਸੀ. ਸਾਹਿਬ ਦੀ ਆਪਣੇ ਵਲੋਂ ਹੀ ਤਜਵੀਜ਼ ਹੋਵੇਗੀ। ਮੇਰਾ ਮਕਸਦ ਇਸ ਮੁਲਾਕਾਤ ਤੋਂ ਇਹ ਸੀ ਕਿ ਮੈਂ ਓਸ ਮਹਾਨ ਜਰਨੈਲ ਦੇ ਕਿਸੇ ਜਿਊਂਦੇ ਜਾਗਦੇ ਵੰਸ਼ੀ ਨੂੰ ਸਾਖ਼ਸ਼ਾਤ ਵੇਖਾਂ ਤੇ ਉਸ ਨੂੰ ਸਲਾਮ ਕਰਾਂ। ਸੋ, ਅਜ ਤੁਹਾਨੂੰ ਮਿਲ ਕੇ, ਵੇਖ ਕੇ ਸਲਾਮ ਕਰਨ ਦੀ ਮੇਰੀ ਰੀਝ ਅੱਲਾ ਪਾਕ ਨੇ ਮਿਹਰਬਾਨ ਹੋ ਕੇ ਪੂਰੀ ਕੀਤੀ ਹੈ।

ਪਿਆਰੇ ਪਾਠਕੋ ! ਇਹ ਹਨ ਜਿਊਂਦੀਆਂ ਤੇ ਗ਼ੈਰਤਮੰਦ ਕੌਮਾਂ ਦੇ ਅੰਦਾਜ਼। ਇਹ ਉਪਰੋਕਤ ਘਟਨਾ ਰੌਲੇ ਦੇ ਸਾਲਾਂ (ਭਾਵ 1947 ਵਾਲੇ ਸਾਲਾਂ) ਤੇ ਲੜਾਈ ਲਗਣ ਤੋਂ ਪਹਿਲਾਂ ਦਿਆਂ ਸਾਲਾਂ ਦੀ ਹੈ।ਮੈਨੂੰ ਨਹੀਂ ਪਤਾ ਇਹ ਲਿਖਤ ਕਿਸ ਦੀ ਹੈ, ਪਰ ਜਿਸਦੀ ਵੀ ਹੈ, ਲਾਜੁਆਬ ਲਿਖਤ ਹੈ।